# ਫਿਊਲ ਸੁਰੱਖਿਆ

ਪੈਟਰੋਲ, ਡੀਜ਼ਲ ਅਤੇ ਹੋਰ ਕਿਸਮ ਦੇ ਈਂਧਨਾਂ ਨਾਲ ਸੁਰੱਖਿਅਤ ਰਹਿਣਾ।

## ਫਿਊਲ ਨਾਲ ਸੁਰੱਖਿਅਤ ਰਹਿਣਾ

ਪੈਟਰੋਲ, ਡੀਜ਼ਲ ਅਤੇ ਬਾਕੀ ਕਿਸਮਾਂ ਦੇ ਈਂਧਨ ਬਹੁਤ ਜ਼ਿਆਦਾ ਜਲਣਸ਼ੀਲ ਹੁੰਦੇ ਹਨ ਅਤੇ ਜੇਕਰ ਉਨ੍ਹਾਂ ਨੂੰ ਗ਼ਲਤ ਤਰੀਕੇ ਨਾਲ ਸੰਭਾਲਿਆ ਜਾਂਦਾ ਹੈ ਤਾਂ ਇਹ ਲੋਕਾਂ, ਸੰਪਤੀ ਅਤੇ ਵਾਤਾਵਰਣ ਲਈ ਗੰਭੀਰ ਖ਼ਤਰੇ ਪੈਦਾ ਕਰ ਸਕਦੇ ਹਨ।

## ਫਿਊਲ ਦੀ ਸੁਰੱਖਿਅਤ ਸਟੋਰੇਜ

ਸਿਰਫ਼ UN (ਸੰਯੁਕਤ ਰਾਸ਼ਟਰ) ਦੇ ਮੰਨਜ਼ੂਰੀ ਚਿੰਨ੍ਹ ਵਾਲੇ ਮੰਨਜ਼ੂਰਸ਼ੁਦਾ ਪੈਟਰੋਲ ਜਾਂ ਡੀਜ਼ਲ ਕੰਟੇਨਰਾਂ ਵਿੱਚ ਹੀ ਫਿਊਲ ਨੂੰ ਸਟੋਰ ਕਰੋ, WorkSafe ਦੀ ਸਿਫ਼ਾਰਸ਼ ਹੈ ਕਿ ਸਰਵਿਸ ਸਟੇਸ਼ਨਾਂ ਤੋਂ ਭਰੇ ਜਾਣ ਵਾਲੇ ਪੋਰਟੇਬਲ ਕੰਟੇਨਰ 25 ਲੀਟਰ ਤੋਂ ਵੱਧ ਨਾ ਹੋਣ।

ਫਿਊਲ ਨੂੰ ਕਿਸੇ ਠੰਡੇ, ਚੰਗੀ ਤਰ੍ਹਾਂ -ਹਵਾਦਾਰੀ ਵਾਲੇ ਥਾਂ ਵਿੱਚ ਹੀ ਸਟੋਰ ਕਰੋ, ਤਰਜੀਹੀ ਤੌਰ 'ਤੇ ਘਰ ਤੋਂ ਵੱਖਰੇ ਸ਼ੈੱਡ ਜਾਂ ਗੈਰਾਜ ਵਿੱਚ, ਘਰ ਦੇ ਅੰਦਰ ਨਹੀਂ।

ਫਿਊਲ ਨੂੰ ਸੁਰੱਖਿਅਤ ਤਰੀਕੇ ਨਾਲ ਸਟੋਰ ਕਰਨ ਬਾਰੇ ਹੋਰ ਜਾਣਕਾਰੀ ਲਈ, WorkSafe ਦੀ ਵੈੱਬਸਾਈਟ ਵੇਖੋ।

## ਫਿਊਲ ਨੂੰ ਸੁਰੱਖਿਅਤ ਢੰਗ ਨਾਲ ਇੱਕ ਥਾਂ ਤੋਂ ਦੂਜੀ ਥਾਂ ਲਿਜਾਣਾ

ਜੇਕਰ ਤੁਸੀਂ ਫਿਊਲ ਨੂੰ ਘਰ ਵਿੱਚ ਵਰਤਨ ਲਈ ਲਿਜਾ ਰਹੇ ਹੋ, ਜਿਵੇਂ ਕਿ ਆਪਣੀ ਘਾਹ ਕੱਟਣ ਵਾਲੀ ਮਸ਼ੀਨ ਜਾਂ ਜਨਰੇਟਰ ਲਈ, ਤਾਂ ਇਹ ਕਿਸੇ ਨਿਯਮਾਂ ਅਨੁਸਾਰ ਢੁਕਵੇਂ ਕੰਟੇਨਰ ਵਿੱਚ ਹੋਣਾ ਲਾਜ਼ਮੀ ਹੈ, ਜੋ ਸੀਲ ਕੀਤਾ ਗਿਆ ਹੋਵੇ, ਸਿੱਧਾ ਰੱਖਿਆ ਹੋਇਆ ਹੋਵੇ ਅਤੇ ਡਿੱਗਣ ਜਾਂ ਹਿਲਣ ਤੋਂ ਬਚਾਉਣ ਲਈ ਠੀਕ ਤਰ੍ਹਾਂ ਲਈ ਬੰਨ੍ਹਿਆ ਗਿਆ ਹੋਵੇ।

ਫਿਊਲ ਨੂੰ ਵਾਹਨ ਦੇ ਯਾਤਰੀਆਂ ਦੇ ਬੈਠਣ ਵਾਲੇ ਹਿੱਸੇ ਵਿੱਚ ਨਾ ਲਿਜਾਓ ਅਤੇ ਕੰਟੇਨਰਾਂ ਨੂੰ ਲੰਬੇ ਸਮੇਂ ਲਈ ਗਰਮ ਜਾਂ ਬੰਦ ਥਾਵਾਂ 'ਤੇ ਛੱਡਣ ਤੋਂ ਗੁਰੇਜ਼ ਕਰੋ।

ਫਿਊਲ ਨੂੰ ਸੁਰੱਖਿਅਤ ਤਰੀਕੇ ਨਾਲ ਲਿਜਾਣ ਬਾਰੇ ਹੋਰ ਜਾਣਕਾਰੀ ਲਈ, WorkSafe ਦੀ ਵੈੱਬਸਾਈਟ ਵੇਖੋ।

## ਫਿਊਲ ਦਾ ਸੁਰੱਖਿਅਤ ਨਿਪਟਾਰਾ

ਫਿਊਲ ਨੂੰ ਲੰਬੇ ਸਮੇਂ ਲਈ ਸਟੋਰ ਨਹੀਂ ਕੀਤਾ ਜਾਣਾ ਚਾਹੀਦਾ ਹੈ। ਸਮੇਂ ਦੇ ਨਾਲ, ਰੱਖੇ ਹੋਏ ਫਿਊਲ ਦੀ ਗੁਣਵੱਤਾ ਖ਼ਰਾਬ ਹੋ ਜਾਂਦੀ ਹੈ ਅਤੇ ਇਹ ਅਸੁਰੱਖਿਅਤ ਜਾਂ ਵਰਤੋਂ ਲਈ ਅਣ-ਉਚਿਤ ਹੋ ਸਕਦਾ ਹੈ।

ਫਿਊਲ ਨੂੰ ਕਦੇ ਵੀ ਨਾਲੀਆਂ ਵਿੱਚ, ਜ਼ਮੀਨ 'ਤੇ ਜਾਂ ਘਰੇਲੂ ਕੂੜੇਦਾਨਾਂ ਵਿੱਚ ਨਾ ਸੁੱਟੋ। ਪੁਰਾਣੇ ਜਾਂ ਖ਼ਰਾਬ ਹੋਏ ਫਿਊਲ ਨੂੰ ਕਿਸੇ ਮੰਨਜ਼ੂਰਸ਼ੁਦਾ ਨਿਪਟਾਰਾ ਸੇਵਾ, ਜਿਵੇਂ ਕਿ Detox Your Home (ਆਪਣੇ ਘਰ ਨੂੰ ਡੀਟੌਕਸ ਕਰੋ) ਰਾਹੀਂ ਸੁਰੱਖਿਅਤ ਢੰਗ ਨਾਲ ਨਿਪਟਾਇਆ ਜਾਣਾ ਚਾਹੀਦਾ ਹੈ।

## ਫਿਊਲ ਨੂੰ ਸੰਭਾਲਦੇ ਸਮੇਂ ਨਿੱਜੀ ਸੁਰੱਖਿਆ

ਫਿਊਲ ਨੂੰ ਚੰਗੀ ਤਰ੍ਹਾਂ ਹਵਾਦਾਰੀ ਵਾਲੀਆਂ ਥਾਵਾਂ ਵਿੱਚ ਸੰਭਾਲੋ ਅਤੇ ਇਸ ਦੀਆਂ ਗੈਸਾਂ ਨੂੰ ਸਾਹ ਰਾਹੀਂ ਅੰਦਰ ਲੈਣ ਤੋਂ ਬਚੋ।

WorkSafe ਦਾ ਸੁਝਾਅ ਹੈ ਕਿ ਫਿਊਲ ਭਰਦੇ ਜਾਂ ਇੱਕ ਥਾਂ ਤੋਂ ਦੂਜੀ ਥਾਂ 'ਤੇ ਲਿਜਾਂਦੇ ਸਮੇਂ, ਜਿੱਥੇ ਲੋੜ ਹੋਵੇ, ਦਸਤਾਨੇ ਜਾਂ ਅੱਖਾਂ ਦੀ ਸੁਰੱਖਿਆ ਵਰਗੇ ਢੁਕਵੇਂ ਸੁਰੱਖਿਆ ਉਪਕਰਨ ਵਰਤੋਂ ਅਤੇ ਬਾਅਦ ਵਿੱਚ ਹੱਥਾਂ ਨੂੰ ਚੰਗੀ ਤਰ੍ਹਾਂ ਧੋਵੋ।

ਫਿਊਲ ਨੂੰ ਸੁਰੱਖਿਅਤ ਤਰੀਕੇ ਨਾਲ ਸੰਭਾਲਣ ਬਾਰੇ ਹੋਰ ਜਾਣਕਾਰੀ ਲਈ, WorkSafe ਦੀ ਵੈੱਬਸਾਈਟ ਵੇਖੋ।